International Journal for Multidisciplinary Research (IJFMR)
E-ISSN: 2582-2160 ● Website: www.ijfmr.com ● Email: editor@ijfmr.com

# ਸਿੱਖ ਇਤਿਹਾਸ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਥਾਨ

**ਸਰਬਜੀਤ ਕੌਰ[1], ਖੋਜ-ਵਿਦਿਆਰਥਣ[2]**

**ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

ਹਿੰਦੁਸਤਾਨ ਦੀ ਧਰਤਿ ’ਤੇ ਵਿਭਿੰਨ ਕਾਲਾਂ ਦੌਰਾਨ ਗੁਰੂਆਂ-ਪੀਰਾਂ, ਰਿਸ਼ੀਆਂ-ਮੁਨੀਆਂ, ਦੇਵੀ-ਦੇਵਤਿਆਂ, ਪੈਗੰਬਰਾਂ-ਨਬੀਆਂ, ਸੰਤਾਂ-ਫ਼ਕੀਰਾਂ ਦਾ ਸੰਸਾਰੀ ਆਗ਼ਾਜ਼ ਹੋਇਆ ਹੈ ਭਾਵ ਹਿੰਦੁਸਤਾਨ ਦੀ ਧਰਤਿ ਨੂੰ ਗੁਰੂਆਂ-ਪੀਰਾਂ ਦੀ ਧਰਤੀ ਨਾਲ ਸਤਿਕਾਰਿਆ ਜਾਂਦਾ ਹੈ। ਪਰੰਤੂ ਇਹ ਵੀ ਇੱਕ ਅਹਿਮ ਸੱਚਾਈ ਹੈ ਕਿ ਹਿੰਦੁਸਤਾਨ ਦੀ ਧਰਤੀ ਉੱਪਰ ਬਹੁਤ ਹੱਦ ਤੱਕ ਜ਼ੁਲਮ, ਤਸ਼ੱਦਦ, ਅਤਿਆਚਾਰ ਹੋਏ ਹਨ ਭਾਵ ਲੋਕ ਮਾਨਸਿਕਤਾ ਅੰਦਰ ਕੂੜ-ਕਪਟ ਦਾ ਮਿਆਰ ਇਤਨਾ ਪ੍ਰਬੀਨ ਹੋ ਗਿਆ ਸੀ ਕਿ ਤਕੜਾ ਹਰ ਪੱਧਰ ਤੋਂ ਆਪਣੀ ਜ਼ੋਰ ਅਜ਼ਮਾਇਸ਼ ਸਦਕਾ ਮਾੜੇ ਨੂੰ ਸਾਹਸ-ਹੀਣ, ਨਿਰਜ਼ਿੰਦ ਬਣਾਉਣ ਦੀ ਕੋਸ਼ਿਸ਼ ਵਿੱਚ ਸੀ। ਭਰਾਤਰੀ-ਭਾਵ ਤਾਂ ਮਾਨੋ ਕਿਤੇ ਉਚੇਰੀ ਪ੍ਰਵਾਜ਼ ਭਰ ਗਏ ਹੋਣ। ਪਾਪ ਦਾ ਇਹ ਵਰਤਾਰਾ ਚੌਗਿਰਦੇ ਵਿੱਚ ਇਸ ਕਦਰ ਫੈਲ ਰਿਹਾ ਸੀ ਕਿ ਰਾਜੇ ਅਤੇ ਕਾਜ਼ੀ ਲੋਕ ਵੀ ਜਨਤਾ ਨਾਲ ਨਿਆਂ ਕਰਨ ਦੀ ਬਜਾਏ ਰਿਸ਼ਵਤ ਦੀ ਦਹਿਲੀਜ਼ ’ਤੇ ਟਿੱਕ ਕੇ ਕੁਕਰਮ ਕਰਦਿਆਂ ਪਾਪ ਕਮਾਉਂਦੇ ਸਨ। ਇਹ ਕਾਜ਼ੀ ਅਤੇ ਕੱਟੜ ਮੁਸਲਮਾਨ ਸ਼ਾਸ਼ਕ ਸਿਰਫ਼ ਇਸਲਾਮ ਧਰਮ ਦੀ ਸਾਰਥਿਕਤਾ ਨੂੰ ਹੀ ਪ੍ਰਵਾਨ ਕਰਦੇ ਸਨ ਅਤੇ ਪਵਿੱਤਰ ਧਾਰਮਿਕ ਗ੍ਰੰਥਾਂ ਦੀ ਆਪਣੇ ਫ਼ਾਇਦੇ ਮੁਜ਼ਬ ਵਿਆਖਿਆ ਕਰਦੇ ਸਨ। ਭਾਈ ਗੁਰਦਾਸ ਜੀ ਅਜਿਹੀਆਂ ਸਮਕਾਲੀ ਸਥਿਤੀਆਂ ਦਾ ਵਿਆਖਿਆਣ ਇਸ ਪ੍ਰਕਾਰ ਕਰਦੇ ਹਨ:-

ਕਲ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨ ਕੂੜੁ ਕੁਸਤ ਮੁਖਹੁ ਆਲਾਈ।...
ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈਕੇ ਹੱਕ ਗਵਾਈ।...
ਵਰਤਿਆ ਪਾਪ ਸਭਸ ਜਗ ਮਾਂਹੀ।[1]

ਲੋਕ-ਮਾਨਸਿਕਤਾ ਨੇ ਸਦੀਆਂ ਤੋਂ ਹੁੰਦੇ ਆ ਰਹੇ ਇਸ ਜ਼ੁਲਮ ਅਤੇ ਗੁਲਾਮੀਅਤ ਭਰੀਆਂ ਜ਼ੰਜ਼ੀਰਾਂ ਨੂੰ ਹੀ ਆਪਣੀ ਅਸਲੀਅਤ ਪ੍ਰਵਾਨ ਕਰ ਲਿਆ ਸੀ ਪਰ ਇਸ ਉਲਟ ਵਰਤਾਰੇ ਦਾ ‘ਜਾਹਰ ਪੀਰ ਜਗਤੁ ਗੁਰ ਬਾਬਾ’ ਗੁਰੂ ਨਾਨਕ ਦੇਵ ਜੀ ਨੇ ਜ਼ੋਰਦਾਰ ਸ਼ਬਦਾਂ ਵਿੱਚ ਵਿਰੋਧ ਕੀਤਾ। ਆਪ ਨੇ ਦੱਬੀ-ਕੁੱਚਲੀ ਲੋਕਾਈ ਨੂੰ ਗੁਲਾਮ ਜ਼ਹਿਨੀਅਤ ਦਾ ਤਿਆਗ ਕਰ ਸੁਤੰਤਰਤਾ ਦੀ ਚਿਣਗ ਦਾ ਅਹਿਸਾਸ ਕਰਵਾਇਆ। ਗੁਰੂ ਸਾਹਿਬ ਖੋਖਲੇ ਰਿਵਾਜਾਂ ਦਾ ਖੰਡਨ ਕਰ ‘ਏਕ ਪਿਤਾ ਏਕਸ ਕੇ ਹਮ ਬਾਰਿਕ’ ਜਿਹੇ ਧਰਾਤਲਾਂ ਦੀ ਸਿਰਜਣਾ ਕਰ ਭਰਾਤਰੀ ਭਾਵਾਂ ਨੂੰ ਰੂਪਮਾਨ ਕਰਨਾ ਚਾਹੁੰਦੇ ਹਨ।

ਪੈਗੰਬਰੀ ਅਜ਼ਮਤ ਗੁਰੂ ਨਾਨਕ ਦੇਵ ਜੀ ਨੇ ਸਮਕਾਲ ਵਿੱਚ ਪ੍ਰਚੱਲਿਤ; ਉਚ-ਨੀਚ, ਵਹਿਮ-ਭਰਮ, ਕਰਮ-ਕਾਂਡ, ਜਾਤੀ-ਵਿਤਕਰੇ ਦਾ ਖੰਡਨ ਕਰ ਲੋਕਾਈ ਨੂੰ 'ਨਾ ਕੋ ਬੈਰੀ ਨਹੀਂ ਬੇਗਾਨਾ', 'ਸਭ ਮਹਿ ਜੋਤਿ ਜੋਤਿ ਹੈ ਸੋਈ' ਜਿਹੇ ਸੰਕਲਪਾਂ ਤੋਂ ਜਾਣੂੰ ਕਰਵਾਉਂਦਿਆਂ ਜਾਤ ਅਭਿਮਾਨੀਆਂ ਦਾ ਅਭਿਮਾਨ ਦੂਰ ਕੀਤਾ ਅਤੇ ਮੌਕੇ ਦੀ ਜ਼ਾਲਮ ਹਕੂਮਤ ਦਾ 'ਰਾਜੇ ਸ਼ੀਹ ਮੁਕੱਦਮ ਕੁੱਤੇ','ਪਾਪ ਕੀ ਜੰਞ ਲੈ ਕਾਬਲਹੁ ਧਾਇਆ', 'ਕੂੜ ਫਿਰੇ ਪਰਧਾਨ ਵੇ ਲਾਲੋ' ਜਿਹੇ ਸ਼ਬਦਾਂ ਨਾਲ ਵਿਰੋਧ ਕਰ ਆਵਾਮ ਨੂੰ ਅਸਲ ਸੱਚਾਈ ਪ੍ਰਤੀ ਜਾਗਰੂਕ ਕਰਵਾਇਆ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਭਗਤੀ ਦੇ ਨਾਲ ਸ਼ਕਤੀ, ਰਾਜ ਦੇ ਨਾਲ ਯੋਗ, ਮੀਰੀ ਦੇ ਨਾਲ ਪੀਰੀ, ਬੀਰਤਾ, ਸਾਹਸ ਦੀ ਸ਼ੁਰੂਆਤ ਹੋ ਗਈ ਸੀ। ਆਪ ਨੇ ਹੀ ਇਨ੍ਹਾਂ ਸੁਮੇਲਤਾ ਭਰੇ ਸੰਕਲਪਾਂ ਨੂੰ ਕਾਇਮ ਰੱਖਣ ਅਤੇ ਲੋਕਾਈ ਨੂੰ ਇਸ ਮਾਰਗ 'ਤੇ ਤੁਰਨ ਦੀ ਜੀਵਨ-ਜਾਚ ਦਾ ਸੁਨੇਹਾ ਬਖ਼ਸ਼ਿਆ ਹੈ। ਗੁਰੂ ਸਾਹਿਬ ਜੀ ਨੇ ਪਾਖੰਡ ਭਰੀ ਪੀਰੀ ਅਤੇ ਅਨਿਆਂ 'ਤੇ ਟਿਕੀ ਹੋਈ ਮੀਰੀ ਦਾ ਖੰਡਨ ਕਰਦਿਆਂ ਆਦਰਸ਼ਕ ਪੀਰੀ ਅਤੇ ਆਦਰਸ਼ਕ ਮੀਰੀ ਦੀ ਪ੍ਰਾਪਤੀ ਦੀ ਤਫ਼ਸੀਲ ਕਰਵਾਈ। ਬਾਣੀ ਵਿੱਚ ਆਪ ਫ਼ਰਮਾਉਂਦੇ ਹਨ:-

ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।। ਸਿਰੁ ਦੀਜੈ ਕਾਣਿ ਨ ਕੀਜੈ।।੨੦।।[2]

ਗੁਰਬਾਣੀ ਵਿੱਚ ਜਿੱਥੇ ਅਧਿਆਤਮਿਕਤਾ ਦੀ ਗੱਲ ਰੂਪਮਾਨ ਹੁੰਦੀ ਹੈ ਉੱਥੇ ਸੰਸਾਰਿਕ ਜ਼ਿੰਮੇਵਾਰੀਆਂ ਦਾ ਵੀ ਬਾਖ਼ੂਬੀ ਚਿਤਰਨ ਕੀਤਾ ਗਿਆ ਹੈ ਭਾਵ ਕਿ ਧਰਮ ਦੇ ਮੈਦਾਨ ਵਿੱਚ ਪ੍ਰੇਮ ਦੀ ਖੇਡ ਪ੍ਰਵਾਨ ਕੀਤੀ ਗਈ ਅਤੇ ਪ੍ਰੇਮ ਦੀ ਇਸ ਖੇਡ ਵਿੱਚ ਸਿਰ ਤਲੀ 'ਤੇ ਰੱਖਣ ਦਾ ਵੀ ਜ਼ਿਕਰ ਆਇਆ ਹੈ। ਗੁਰੂ ਸਾਹਿਬ ਜੀਵ ਨੂੰ ਸਮਝਾਉਂਦੇ ਹਨ ਕਿ ਇਸ ਮਾਰਗ 'ਤੇ ਚੱਲਣ ਦੇ ਲਈ ਜੇਕਰ(ਜੀਵ ਨੂੰ) ਆਪਣਾ-ਆਪ ਸਮਰਪਿਤ ਭਾਵ ਨਿਛਾਵਰ ਵੀ ਕਰਨਾ ਪਿਆ ਤਾਂ ਪੈਰ ਪਿਛਾਂਹ ਨਹੀਂ ਖਿੱਚਣੇ। ਗੁਰੂ ਅਮਰਦਾਸ ਪਾਤਸ਼ਾਹ ਜੀ ਦੀ ਬਾਣੀ ਵਿੱਚ ਵੀ ਇਸ ਦੋ-ਮਾਰਗੀ ਪੰਧ ਬਾਰੇ ਜ਼ਿਕਰ ਆਉਂਦਾ ਹੈ:-

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।।....
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।।[3]

ਗੁਰੂ ਅਰਜਨ ਦੇਵ ਜੀ ਵੀ ਇਸ ਮਾਰਗ ਦੀ ਸੁਮੇਲਤਾ ਵੱਲ ਸੰਕੇਤ ਕਰਦਿਆਂ ਬਾਣੀ ਵਿੱਚ ਫ਼ਰਮਾਉਂਦੇ ਹਨ ਕਿ ਮਨੁੱਖ ਨੂੰ ਪਹਿਲਾਂ ਮੌਤ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ ਅਤੇ ਜੀਉਣ ਦਾ ਉਮੀਦ ਨੂੰ ਵਿਸਾਰ ਦੇਣਾ ਚਾਹੀਦਾ ਹੈ। ਮੌਤ ਇੱਕ ਅਟੱਲ ਸੱਚਾਈ ਹੈ। ਗੁਰੂ ਸਾਹਿਬ ਜੀਵ ਨੂੰ ਸਮਝਾਉਂਦੇ ਹਨ ਕਿ ਸਭਨਾਂ ਦੇ ਪੈਰਾਂ ਦੀ ਧੂੜ ਬਣ ਭਾਵ ਨਿਮਰਤਾ ਨੂੰ ਹਿਰਦੇ ਵਿੱਚ ਵਸਾ, ਹਰੇਕ ਪ੍ਰਕਾਰ ਦੀ ਹਉਮੈਂ ਦਾ, ਵਿਰੋਧਤਾ ਦਾ ਤਿਆਗ ਕਰਕੇ ਫਿਰ ਪ੍ਰਭੂ ਮਾਰਗ ਦਾ ਪਾਂਧੀ ਬਣ। ਗੁਰਬਾਣੀ ਵਿੱਚ ਜ਼ਿਕਰ ਆਉਂਦਾ ਹੈ ਕਿ:-

ਪਹਿਲਾ ਮਰਣੁ ਕਬੂਲਿ ਜੀਵਨ ਕੀ ਛਡਿ ਆਸ।।
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।।੧।।[4]

ਗੁਰੂ ਨਾਨਕ ਸਾਹਿਬ ਜੀ ਦੇ ਇਨ੍ਹਾਂ ਸੰਤ-ਸਿਪਾਹੀ ਵਾਲੇ ਸਿਧਾਂਤਾਂ ਨੂੰ ਆਪ ਦੇ ਉੱਤਰਾਧਿਕਾਰੀਆਂ(ਗੁਰੂ ਸਾਹਿਬਾਨਾਂ) ਨੇ ਅਮਲ ਵਿੱਚ ਲਿਆਉਂਦਿਆਂ ਇੱਕ ਅਜਿਹੀ ਕੌਮੀਅਤ ਤਿਆਰ ਕਰ ਦਿੱਤੀ ਜੋ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੇ ਸੰਕਲਪਾਂ ਨਾਲ ਸਰਸ਼ਾਰ ਹੋਈ ਪਈ ਹੈ। ਗੁਰੂ ਪਾਤਸ਼ਾਹ ਦਾ ਸਿਰਜਿਆ ਹੋਇਆ ਇਹ ਧਰਾਤਲ, ਮੀਰੀ-ਪੀਰੀ ਦੀ ਪ੍ਰਕਾਸ਼ਨਾ ਦੇ ਸਿਧਾਂਤ ਨਾਲ, ਨਿਰੰਤਰਤਾ ਦੇ ਸਾਹਵੇ ਵੇਗ਼ ਵਿੱਚ ਵਹਿੰਦਾ ਹੋਇਆ ਮੁਗ਼ਲ ਰਾਜ ਦਾ ਅੰਤ ਕਰ ਗਿਆ।

ਧਰਮੀ ਅਤੇ ਭਗਤ ਜਨ ਲੋਕ ਹੀ ਬੀਰ ਭਾਵ ਸੂਰਮੇ ਹੁੰਦੇ ਹਨ। ਨਾਮ-ਸਿਮਰਨ ਤੋਂ ਵਿਹੂਣੇ ਮਨੁੱਖ ਅਸਲ ਵਿੱਚ ਕਦੇ ਵੀ 'ਬੀਰ' ਨਹੀਂ ਬਣ ਸਕਦੇ ਭਾਵ ਅਜਿਹੇ ਮਨੁੱਖ ਤਾਕਤ ਦੀ ਕੁਵਰਤੋਂ ਕਰਦਿਆਂ ਜ਼ਾਲਮ ਤਾਂ ਹੋ ਸਕਦੇ ਹਨ ਪਰ ਸੂਰਮੇ ਨਹੀਂ ਬਣ

ਸਕਦੇ। ਅਜਿਹੇ ਯੋਧਿਆਂ ਦਾ ਲਕਸ਼ ਸਿਰਫ਼ ਤਬਾਹੀ ਮਚਾਉਣਾ ਹੀ ਹੁੰਦਾ ਹੈ ਪ੍ਰੰਤੂ ਬੀਰਤਾ ਨਾਲ ਮਜ਼ਲੂਮਾਂ ਦੀ ਰੱਖਿਆ ਕਰ ਸ਼ਾਂਤੀ ਅਤੇ ਪਰਸਪਰ ਪਿਆਰ ਨਹੀਂ ਸਥਾਪਿਤ ਕਰ ਸਕਦੇ। ਗੁਰੂ ਸਾਹਿਬ ਜੀ ਨੇ ਲੋਕਾਈ ਨੂੰ ਜੋਸ਼ ਦੇ ਨਾਲ-ਨਾਲ ਹੋਸ਼ ਤੋਂ ਵੀ ਆਗਾਹ ਕਰਵਾਇਆ ਹੈ।

ਗੁਰੂ ਨਾਨਕ ਪਾਤਸ਼ਾਹ ਦੁਆਰਾ ਦਰਸਾਏ ਗਏ ਇਹ ਸੰਕਲਪ ਪੰਜਵੇਂ ਪਾਤਸ਼ਾਹ ਹਜ਼ੂਰ ਤੱਕ ਜਿਉਂ ਦੀ ਤਿਉਂ ਨਿਰੰਤਰ ਚੱਲਦੇ ਰਹੇ ਪ੍ਰੰਤੂ ਸ਼ਾਂਤੀ ਦੇ ਮੁਜੱਸਮੇ ਪੰਜਵੇ ਪਾਤਸ਼ਾਹ ਜੀ ਨੇ ਸਮਕਾਲ ਦੀਆਂ ਪ੍ਰਸਿਥੀਆਂ ਨੂੰ ਦੇਖਦਿਆਂ ਖਿੜ੍ਹੇ ਮੱਥੇ ਸ਼ਹਾਦਤ ਪ੍ਰਵਾਨ ਕਰ ਲਈ। ਸ਼ਹਾਦਤ ਕੌਮ ਵਿੱਚ ਨਵੇਂ ਵਲਵਲੇ, ਉਤਸ਼ਾਹ, ਹੁਲਾਸਾਂ ਨੂੰ ਸਿਰਜਦੀ ਹੈ ਭਾਵ ਨਵੀਨ ਪ੍ਰਸਿਥੀਆਂ ਜਨਮ ਲੈਦੀਂਆਂ ਹਨ ਅਤੇ ਜ਼ੁਲਮ ਵਿਰੁੱਧ ਡਟਣ ਦਾ ਰੋਹ ਪੈਦਾ ਹੁੰਦਾ ਹੈ। ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦੀ ਸ਼ਹਾਦਤ ਨਾਲ ਗੁਰੂ ਨਾਨਕ ਪਾਤਸ਼ਾਹ ਦੁਆਰਾ ਬਿਰਾਜਿਤ ਮਨੁੱਖਤਾ ਰੂਪੀ ਸੰਕਲਪਾਂ ਦੀ ਨੀਂਹ ਹੋਰ ਪਕੇਰੀ ਹੋ ਗਈ ਅਤੇ ਸੂਰਮਿਆਂ ਵਿੱਚ ਭੈਅ ਦੀ ਜਗ੍ਹਾ ਮਨੋਬਲ ਵਸੀਹ ਹੋ ਗਿਆ ਜੋ ਹਰ ਔਖਿਆਈ ਦਾ ਸਾਹਮਣਾ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਸੰਤ-ਸਿਪਾਹੀ ਵਾਲੇ ਸੰਕਲਪ ਨੂੰ ਅਮਲੀ ਜਾਮਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਹਿਣਾ ਕੇ ਸਮਕਾਲ ਦੀ ਹਕੂਮਤ ਦਾ ਡੱਟ ਕੇ ਮੁਕਾਬਲਾ ਕੀਤਾ।

ਬਾਬਾ ਬੁੱਢਾ ਜੀ ਦੀ ਅਰਦਾਸ ਇਲਾਹੀ ਦਰਗਾਹ ਵਿੱਚ ਪ੍ਰਵਾਨ ਹੋਈ ਅਤੇ ਬਾਲ ਹਰਿਗੋਬਿੰਦ ਜੀ ਦਾ ਜਨਮ 9 ਜੂਨ 1595 ਈ: ਨੂੰ ਮਾਤਾ ਗੰਗਾ ਦੇਵੀ ਜੀ ਦੇ ਉਦਰ ਤੋਂ ਪਿਤਾ ਗੁਰਦੇਵ- ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦੇ ਘਰ ਪਿੰਡ ਵਡਾਲੀ, ਜ਼ਿਲਾ ਅੰਮ੍ਰਿਤਸਰ ਵਿਖੇ ਹੋਇਆ।[5] ਆਪ ਦੇ ਜਨਮ ਨਾਲ ਜਿੱਥੇ ਪਰਿਵਾਰ ਅਤੇ ਸਿੱਖ ਆਵਾਮ ਵਿੱਚ ਖਿੜਾਉ, ਖੁਸ਼ੀ ਅਤੇ ਆਨੰਦਮਈ ਲਹਿਰ ਦੋੜ ਰਹੀ ਸੀ ਉੱਥੇ ਬਾਲ ਉਮਰੇ ਹੀ ਪ੍ਰਿਥੀ ਚੰਦ ਦੁਆਰਾ ਇਸ ਸਾਹਿਬਜ਼ਾਦੇ ਨੂੰ ਮਾਰ ਮੁਕਾਉਣ ਦੀਆਂ ਅਨੇਕਾਂ ਨਾਪਾਕ ਕੋਸ਼ਿਸ਼ਾਂ ਕੀਤੀਆਂ ਗਈਆਂ ਪੁਸ਼ਟੀ ਹਿੱਤ ਜਿਵੇਂ; ਦਾਈ ਦੁਆਰਾ ਜ਼ਹਿਰ ਦੇਣ ਦੀ ਚਾਲ, ਸਪੇਰੇ ਦੁਆਰਾ ਬਾਲ ਹਰਿਗੋਬਿੰਦ ਨੂੰ ਜ਼ਹਿਰੀਲੇ ਸੱਪ ਤੋਂ ਡੰਗ ਮਰਵਾਉਣ ਦੀ ਚਾਲ, ਜ਼ਬਰੀ ਦਹੀਂ ਖਵਾਉਣ ਦੀ ਚਾਲ, ਛੋਟੇ ਬੱਚੇ ਦੁਆਰਾ ਮਿੱਠੀ ਅਤੇ ਜ਼ਹਿਰੀਲੀ ਚੀਜ਼ ਦੇਣ ਦੀ ਚਾਲ ਇਤਿਆਦ।[6]

ਪ੍ਰਿਥੀ ਚੰਦ ਦੀ ਇਸ ਈਰਖਾ ਦਾ ਮੁੱਖ ਕਾਰਨ ਗੁਰਤਾਗੱਦੀ ’ਤੇ ਬੈਠਣ ਦੀ ਲਾਲਸਾ ਹੀ ਸੀ ਕਿਉਂਕਿ ਉਸ ਦਾ ਖ਼ਿਆਲ ਸੀ ਕਿ ਘਰ ਵਿੱਚ ਵੱਡਾ ਪੁੱਤਰ ਹੋਣ ਕਾਰਨ ਗੁਰਤਾਗੱਦੀ ਉੱਪਰ ਉਸ ਦਾ ਹੱਕ ਸੀ ਪਰ ਗੁਰੂ ਰਾਮਦਾਸ ਪਾਤਸ਼ਾਹ ਨੇ ਪ੍ਰਿਥੀ ਚੰਦ ਨੂੰ ਤਾਕੀਦ ਕੀਤੀ ਕਿ ਗੁਰਤਾਗੱਦੀ ਦੇ ਲਈ ਉਹ ਹੀ ਯੋਗ ਹੈ ਜੋ ਇਸ ਦੇ ਕਾਬਲ ਹੋਵੇ ਅਤੇ ਇਹ ਕਾਬਲੀਅਤ ਕਿਸੇ ਵਿੱਚ ਵੀ ਹੋ ਸਕਦੀ ਹੈ। ਇਸ ਜ਼ਿੰਮੇਵਾਰੀ ਦੇ ਯੋਗ ਹੋਣ ਦੇ ਲਈ ਨਿਮਰਤਾ ਅਤੇ ਧੀਰਜ ਜਿਹੇ ਗੁਣਾਂ ਦਾ ਹੋਣਾ ਲਾਜ਼ਮੀ ਹੈ। ਗੁਰੂ ਰਾਮਦਾਸ ਜੀ ਨੇ ਅਰਜਨ ਦੇਵ ਪਾਤਸ਼ਾਹ ਨੂੰ ਗੁਰਤਾਗੱਦੀ ਦੀ ਬਖ਼ਸ਼ਿਸ਼ ਕੀਤੀ। ਗੁਰੂ ਪਿਤਾ ਜੀ ਦੇ ਇਸ ਫ਼ੈਸਲੇ ਦੀ ਪ੍ਰਿਥੀ ਚੰਦ ਦੁਆਰਾ ਕਾਫ਼ੀ ਹੱਦ ਤੱਕ ਵਿਰੋਧਤਾ ਪ੍ਰਗਟ ਕੀਤੀ ਗਈ ਪਰ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਪ੍ਰਿਥੀ ਚੰਦ ਨੂੰ ਕੋਈ ਜੁਆਬ ਨਾ ਦਿੱਤਾ ਅਤੇ ਸ਼ਾਂਤ ਚਿੱਤ ਰੱਬੀ ਪਿਆਰ ਵਿੱਚ ਮਖ਼ਮੂਰ ਰਹਿੰਦੇ। ਗੁਰੂ ਅਰਜਨ ਦੇਵ ਪਾਤਸ਼ਾਹ ਦੇ ਘਰ ਜਦੋਂ ਕੋਈ ਔਲਾਦ ਨਹੀਂ ਹੋਈ ਤਾਂ ਪ੍ਰਿਥੀ ਚੰਦ ਇਸ ਗੱਲ ਤੋਂ ਬਹੁਤ ਖੁਸ਼-ਨੁਮਾ ਮਾਹੌਲ ਵਿੱਚ ਸੀ ਕਿ ਗੁਰਤਾਗੱਦੀ ਉਸ ਦੇ ਘਰ ਦਾ ਦਸਤਕ ਖੜਕਾਏਗੀ ਅਤੇ ਇਸੇ ਲਾਲਸਾ ਅਧੀਨ ਹੀ ਉਹ ਆਪਣੇ ਪੁੱਤਰ ਮਿਹਰਬਾਨ ਨੂੰ ਗੁਰਤਾਗੱਦੀ ਦੇ ਯੋਗ ਸਮਝਦਾ ਸੀ। ਪਰ ਸਾਹਿਬਜ਼ਾਦੇ ਹਰਿਗੋਬਿੰਦ ਜੀ ਦੇ ਜਨਮ ਨਾਲ ਉਸ ਦੀ ਇਹ ਮਨੋਬਿਰਤੀ ਟੁੱਟ ਗਈ ਅਤੇ ਉਸ ਨੇ ਬਾਲ ਦੀ ਜਾਨ ਲੈਣ ਲਈ ਅਨੇਕਾਂ ਨਾਪਾਕ ਹਮਲੇ ਕੀਤੇ ਪ੍ਰੰਤੂ ਅਕਾਲ-ਪੁਰਖ ਦੀ ਰਹਿਨੁਮਾਈ ਦੇ ਸਿਰਨਾਵੇ ਸਦਕਾ ਆਪ ਹਰ ਕਸ਼ਟ ਤੋਂ ਬਚਦੇ ਰਹੇ ਅਤੇ ਜਦੋਂ ਆਪ ਨੂੰ ਗੁਰਤਾਗੱਦੀ ਦੀ ਬਖ਼ਸ਼ਿਸ਼ ਹੋਈ ਤਾਂ ਆਪ ਨੇ ਸ਼ਮਸ਼ੀਰ ਹੱਥ ਵਿੱਚ ਫੜ ਜ਼ਾਬਰਾਂ, ਜ਼ਰਵਾਇਆਂ ਦਾ ਨਾਸ਼ ਕਰਦਿਆਂ ਧਰਮ ਨੂੰ ਇੱਕ ਨਵੀਂ ਦਿਸ਼ਾ ਤੋਂ ਸੋਧਿਤ ਕੀਤਾ।

ਗੁਰੂ ਅਰਜਨ ਦੇਵ ਪਾਤਸ਼ਾਹ ਆਉਣ ਵਾਲੇ ਸਮੇਂ ਤੋਂ ਪੂਰੀ ਤਰ੍ਹਾਂ ਚੇਤੰਨ ਸਨ ਜਿੱਥੇ ਭਗਤੀ ਦੇ ਨਾਲ ਸ਼ਕਤੀ ਦੀ ਵੀ ਲੋੜ ਪਵੇਗੀ। ਇਸੇ ਸੰਦਰਭ ਵਿੱਚ ਆਪ ਨੇ ਮੀਰੀ-ਪੀਰੀ ਦੇ ਪ੍ਰਕਾਸ਼ਨ ਤੋਂ ਸੁਚੇਤ ਹੁੰਦਿਆਂ ਬਾਲ ਹਰਿਗੋਬਿੰਦ ਨੂੰ ਬਾਬਾ ਬੁੱਢਾ ਜੀ ਦੇ ਦੁਆਰਾ ਅੱਖਰੀ, ਸ਼ਾਸ਼ਤਰੀ ਤਾਲੀਮ ਦੇ ਨਾਲ-ਨਾਲ ਸ਼ਸ਼ਤਰ ਤਾਲੀਮ ਤੋਂ ਵੀ ਵਾਕਫ਼ ਕਰਵਾਇਆ ਜਿਵੇਂ; ਘੋੜ-ਸਵਾਰੀ, ਸ਼ਿਕਾਰ ਖੇਡਣ, ਘੁਲਣ, ਯੁੱਧ ਦੇ ਦਾਓ-ਪੇਚ ਅਤੇ ਹੋਰ ਮਰਦਾਵੀਆਂ ਖੇਡਾਂ ਆਦਿਕ। ਬਾਬਾ ਬੁੱਢਾ ਜੀ ਬਾਲ ਹਰਿਗੋਬਿੰਦ ਦੀ ਸਿਖਲਾਈ ਨਿਪੁੰਨਤਾ ਤੋਂ ਪੂਰੀ ਤਰ੍ਹਾਂ ਵਾਕਫ਼ ਹੋ ਗਏ ਸਨ ਕਿ ਇਹ ਬਾਲ ਵੱਡਾ ਹੋ ਕੇ ਸੂਰਮਾ ਭਾਵ ਯੋਧਾ ਬਣੇਗਾ ਜੋ ਜ਼ੁਲਮ ਤੇ ਬਦੀ ਦੀਆਂ ਜੜ੍ਹਾਂ ਉਖੇੜੇਗਾ ਅਤੇ ਹਰ ਆਉਣ ਵਾਲੀ ਮੁਸੀਬਤ ਦਾ ਸਾਹਮਣਾ ਕਰਦਿਆਂ ਦੀਨਾਂ ਦੀ ਰੱਖਿਆ ਕਰੇਗਾ।[7]

ਗੁਰੂ ਅਰਜਨ ਦੇਵ ਪਾਤਸ਼ਾਹ ਲਾਹੌਰ ਸ਼ਹਾਦਤ 'ਤੇ ਜਾਣ ਸਮੇਂ ਬਾਬਾ ਬੁੱਢਾ ਜੀ ਅਤੇ ਸਿੱਖ ਆਵਾਮ ਵਿੱਚ ਆਗਾਹ ਕਰ ਗਏ ਸਨ ਕਿ 'ਗੁਰੂ' ਹਰਿਗੋਬਿੰਦ ਸਾਹਿਬ ਜੀ ਨੂੰ ਗੁਰਿਆਈ ਬਖ਼ਸ਼ਿਸ ਕਰਨੀ ਹੈ। ਪੈਗ਼ੰਬਰੀ ਅਜ਼ਮਤ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੱਕ ਮੁਗ਼ਲ ਰਾਜ ਨਿਰੰਤਰ ਆਪਣੀਆਂ ਵਧੀਕੀਆਂ ਜਨਤਾ ਉੱਪਰ ਅਜ਼ਮਾ ਰਹੇ ਸਨ। ਹਕੂਮਤਾਂ ਦੀਆਂ ਇਨ੍ਹਾਂ ਚਲਾਕੀਆਂ, ਜ਼ੁਲਮ, ਤਸ਼ੱਦਦ ਤੋਂ ਗੁਰੂ ਸਾਹਿਬ ਜੀ ਦਾ ਹਥਿਆਰਬੰਦ ਹੋਣ ਦਾ ਸਪੱਸ਼ਟ ਪ੍ਰਗਟਾਵਾ ਮਿਲਦਾ ਹੈ। ਪਿਤਾ ਗੁਰੂ ਅਰਜਨ ਦੇਵ ਜੀ ਨੇ ਬਾਲ ਹਰਿਗੋਬਿੰਦ ਜੀ ਦੀ ਸੁਰਤ, ਮੱਤ, ਮਨ, ਬੁੱਧ ਦੀ ਨਿਵੇਕਲੇ ਤਰੀਕਿਆਂ ਨਾਲ ਘਾੜ੍ਹਤ ਕਰ, ਉਨ੍ਹਾਂ ਦੇ ਵਿਅਕਤੀਤਵ ਵਿੱਚ ਬੀਰਤਾ ਅਤੇ ਪਰਉਪਕਾਰ ਵਾਲੇ ਗੁਣਾਂ ਦੀ ਤਰਜ਼ਮਾਨੀ ਕਰ ਦਿੱਤੀ। ਇੰਝ ਜਦੋਂ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੂੰ ਗੁਰਿਆਈ ਬਖ਼ਸ਼ਿਸ਼ ਕਰਨ ਸਮੇਂ ਪ੍ਰੰਪਰਿਕ ਰਵਾਇਤਾਂ ਅਨੁਸਾਰ ਸੇਲ੍ਹੀ, ਟੋਪੀ, ਮੰਜੀ ਅਰਪਿਤ ਕਰਨ ਲੱਗੇ ਤਾਂ ਆਪ ਨੇ ਇਹ ਰਵਾਇਤੀ ਚਿੰਨ੍ਹ ਪਹਿਣਨ ਤੋਂ ਇਨਕਾਰ ਕਰ, ਇਸ ਦੀ ਜਗ੍ਹਾ ਸਿਰ ਉੱਪਰ ਦਸਤਾਰ ਸਜਾ ਕੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਨ੍ਹਾਂ ਚਿੰਨ੍ਹਾਂ ਨੂੰ ਧਾਰਨ ਕਰਨ 'ਤੇ ਆਪ ਨੇ ਸਿੱਖ ਆਵਾਮ ਵਿੱਚ ਐਲਾਨ ਕਰ ਦਿੱਤਾ ਕਿ ਇਨ੍ਹਾਂ ਵਿੱਚੋਂ ਇੱਕ ਤਲਵਾਰ ਮੀਰੀ ਦੀ ਹੋਵੇਗੀ ਜੋ ਸੰਸਾਰਿਕ ਵਿਸ਼ਿਆਂ ਦੇ ਪਰਿਪੇਖ ਵਿੱਚ ਅਗਵਾਈ ਕਰੇਗੀ ਅਤੇ ਦੂਸਰੀ ਤਲਵਾਰ ਪੀਰੀ ਦੀ ਹੋਵੇਗੀ ਜੋ ਅਧਿਆਤਮਿਕ ਪਰਿਪੇਖ ਵਿੱਚ ਰਹਿਨੁਮਾਈ ਪ੍ਰਗਟ ਕਰੇਗੀ ਅਤੇ ਨਾਲ ਹੀ ਸੰਗਤ ਨੂੰ ਚੰਗੇ ਘੋੜੇ ਅਤੇ ਸ਼ਸ਼ਤਰ-ਬੱਧ ਬਹਾਦਰ, ਸਾਹਸੀ ਨੌਜੁਆਨਾਂ ਨੂੰ ਗੁਰੂ ਦਰਬਾਰ ਵਿੱਚ ਪਹੁੰਚਣ ਦੀ ਤਾਕੀਦ ਕੀਤੀ।[8]

ਗੁਰੂ ਹਰਿਗੋਬਿੰਦ ਪਾਤਸ਼ਾਹ ਅਜਿਹੇ ਕਾਮਿਲ ਮੁਰਸ਼ਦ ਸਨ ਜਿਨ੍ਹਾਂ ਨੂੰ ਭਾਈ ਗੁਰਦਾਸ ਜੀ ਨੇ ਗੁਰ-ਭਾਰੀ, ਦਲ-ਭੰਜਨ, ਵੱਡ-ਯੋਧਾ, ਪਰਉਪਕਾਰੀ ਆਦਿਕ ਕਈ ਵਿਸ਼ੇਸ਼ਤਾਵਾਂ ਨਾਲ ਸਤਿਕਾਰਿਆ ਹੈ। ਸੰਸਾਰ ਵਿੱਚ ਯੋਧੇ ਤਾਂ ਬਹੁਤ ਬਿਰਾਜਿਤ ਹਨ ਜੋ ਮਹਿਜ਼ ਵਿਖਾਵੇ ਦੇ ਭੇਖੀ ਹੋਣ ਕਾਰਨ ਤਸ਼ੱਦਦ ਦੇ ਅਨੁਸਾਰੀ ਚਲਦੇ ਹਨ ਪਰੰਤੂ ਯੋਧੇ ਨਾਲ ਪਰਉਪਕਾਰ ਵਾਲੀ ਸ਼ਖ਼ਸੀਅਤ ਦੇ ਧਾਰਨੀ ਦੀ ਵੱਡੀ ਮਿਸਾਲ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਹਨ। ਆਪ ਜਿੱਥੇ ਜ਼ੁਲਮ ਦੇ ਵਿਰੁੱਧ ਡੱਟ ਕੇ ਖੜ੍ਹਦੇ ਹਨ ਉੱਥੇ ਮਜ਼ਲੂਮਾਂ ਦੀ ਰੱਖਿਆ ਕਰ ਪਰਉਪਕਾਰ ਵੀ ਕਰਦੇ ਹਨ। ਆਪ ਦੀ ਇਸ ਵਿਲੱਖਣਤਾ ਭਰੀ ਸ਼ਖ਼ਸੀਅਤ ਨੂੰ ਭਾਈ ਗੁਰਦਾਸ ਜੀ ਇੰਝ ਮੂਰਤੀਮਾਨ ਕਰਦੇ ਹਨ:-

> ਪੰਜ ਪਿਆਲੇ ਪੰਜ ਪੀਰ ਛਠਮ ਪੀਰ ਬੈਠਾ ਗੁਰ ਭਾਰੀ॥
> ਅਰਜਨ ਕਾਇਆਂ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ॥...
> ਜੁਗ ਜੁਗ ਸਤਿਗੁਰ ਧਰੇ ਅਵਤਾਰੀ॥[9]

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਨਾਲ ਇਹ ਸ਼ਾਂਤਮਈ ਸਾਧੂ ਬਿਰਤੀ ਦੇ ਪ੍ਰਤੀਕਾਂ ਨੇ ਰੂਪ ਵਟਾ ਲਿਆ ਭਾਵ ਕਿ ਇਸ ਸ਼ਾਂਤ ਰਸ ਦੇ ਨਾਲ-ਨਾਲ ਬੀਰ ਰਸ ਦੀ ਵੀ ਉਤੇਜਨਾ ਹੋਈ ਅਤੇ ਕੌਮੀਅਤ ਦਾ ਸ਼ਸ਼ਤਰ-ਬੱਧ ਹੋਣਾ ਪ੍ਰਾਰੰਭ ਹੋਇਆ। ਸਿੱਖ ਵਿਰਾਸਤ ਵਿੱਚ ਹੁਣ ਪੀਰੀ ਦੇ ਨਾਲ ਮੀਰੀ, ਸੰਤ ਦੇ ਨਾਲ ਸਿਪਾਹੀ, ਦੇਗ਼ ਦੇ ਨਾਲ ਤੇਗ਼, ਮਾਲਾ ਦੇ ਨਾਲ ਤਲਵਾਰ ਜਿਹੇ ਚਿੰਨ੍ਹ ਜੁੜ ਗਏ। ਸਿੱਖ

ਕੌਮ ਨੂੰ ਸਮਕਾਲੀ ਹਕੂਮਤ ਦੀਆਂ ਕੋਝੀਆਂ ਵੰਗਾਰਾਂ ਤੋਂ ਦ੍ਰਿਸ਼ਟੀਗੋਚਰ ਹੁੰਦਿਆਂ ਨਵੀਆਂ ਸੇਧਾਂ ਨੂੰ ਅਪਣਾਉਣਾ ਪਿਆ। ਅਧਿਆਤਮਿਕਤਾ ਦੇ ਖੇਤਰ ਨਾਲ ਇਨ੍ਹਾਂ ਰਾਜਸੀ ਵਿਸ਼ਿਆਂ ਦਾ ਜੁੜਨਾ ਹਰ ਇੱਕ ਦੇ ਮੰਨ ਅੰਦਰ ਪਹਿਲੀ ਨਜ਼ਰੇ ਤਾਂ ਵਿਰੋਧਤਾ ਦੇ ਪ੍ਰਭਾਵ ਪ੍ਰਗਟ ਕਰਦਾ ਹੈ ਪਰ ਇਹ ਵਿਸ਼ੇ ਅੰਦਰੂਨੀ ਨਜ਼ਰੇ ਅਗੋਚਰ ਏਕਤਾ ਦੇ ਲਖ਼ਾਇਕ ਹਨ ਭਾਵ ਸੰਸਾਰਿਕਤਾ ਮੀਰੀ ਹੈ, ਅਧਿਆਤਮਿਕ ਕਦਰਾਂ-ਕੀਮਤਾਂ ਦਾ ਧਿਆਨ ਪੀਰੀ ਹੈ। ਮਨੁੱਖ ਨੇ ਜਿੱਥੇ ਮੀਰ ਰਾਜ ਹੋਣਾ ਹੈ ਉੱਥੇ ਪੀਰ ਸੰਤ ਵੀ ਹੋਣਾ ਹੈ। ਇਹੋ ਸਿਧਾਂਤ ਦੇਗ਼-ਤੇਗ਼ ਦਾ ਹੈ। ਜਿੱਥੇ ਦੇਗ਼ ਵਿੱਚ ਜੀਵਨ ਨੂੰ ਪ੍ਰਫੁੱਲਿਤ ਕਰਨ ਦੀ ਸਮਰੱਥਾ ਦ੍ਰਿਸ਼ਟੀਗੋਚਰ ਹੁੰਦੀ ਹੈ ਉੱਥੇ ਤੇਗ਼ ਜ਼ਬਰ, ਅਨਿਆਂ ਵਿਰੁੱਧ ਖੜ੍ਹਦੀ ਹੈ। ਹੁਣ ਅਧਿਆਤਮਿਕਤਾ ਦੇ ਨਾਲ ਰਾਜਸੀ ਸ਼ਕਤੀ ਦਾ ਸੰਯੋਗ ਬਣ ਗਿਆ ਭਾਵ ਭਗਤੀ ਨਾਲੋਂ ਨਿਖੜ ਕੇ ਸ਼ਕਤੀ ਦਿਸ਼ਾਹੀਣ ਦਾ ਪੰਧ ਅਖ਼ਤਿਆਰ ਕਰ ਜਾਂਦੀ ਹੈ ਅਤੇ ਸ਼ਕਤੀ ਨਾਲੋਂ ਨਿਖੜ ਕੇ ਭਗਤੀ ਸ਼ੂਨਯਵਾਦੀ ਹੋ ਜਾਂਦੀ ਹੈ।

ਗਿਆਰਾਂ ਸਾਲ ਦੀ ਵਰੇਸ ਵਿੱਚ ਆਪ ਨੇ ਗੁਰਤਾਗੱਦੀ 'ਤੇ ਬਿਰਾਜਮਾਨ ਹੁੰਦਿਆਂ ਮੀਰੀ-ਪੀਰੀ ਦੀਆਂ ਤਲਵਾਰਾਂ ਸਜਾ ਸਿੱਖ ਕੌਮੀਅਤ ਨੂੰ ਇਹ ਦ੍ਰਿੜ ਕਰਵਾਇਆ ਕਿ ਗੁਰੂ ਜਿੱਥੇ ਆਤਮਿਕ ਰਹਿਬਰ ਵਜੋਂ ਪੱਥ-ਪ੍ਰਦਰਸ਼ਕ ਕਰਦਾ ਹੈ ਉੱਥੇ ਉਹ ਸੰਸਾਰਿਕ ਆਗੂ ਅਤੇ ਧਰਮ-ਰੱਖਿਅਕ ਵੀ ਹੈ।[10] ਇੱਥੇ ਮੀਰੀ ਦੀ ਤਲਵਾਰ ਦਾ ਮਨੋਰਥ ਕੋਈ ਕੌਮ, ਸਲਤਨਤ ਕਾਇਮ ਕਰਨਾ, ਦੇਸ਼ਾਂ ਨੂੰ ਜਿੱਤਣਾ ਜਾਂ ਸ਼ਮਸ਼ੀਰ ਦੀ ਹੋਂਦ ਨਾਲ ਧਰਮ ਦਾ ਪ੍ਰਚਾਰ ਕਰਨਾ ਨਹੀਂ ਬਲਕਿ ਇਹ ਤੇਗ਼ ਹਰ ਪ੍ਰਕਾਰ ਦੇ ਸੰਸਾਰਿਕ ਲੋਭ ਤੋਂ ਮੁਕਤ ਹੈ ਜੋ ਮਜ਼ਲੂਮ ਦੀ ਰੱਖਿਆ ਵਾਸਤੇ ਉੱਠਦੀ ਹੈ। ਗੁਰੂ ਹਰਿਗੋਬਿੰਦ ਜੀ ਨੇ ਅਕਾਲ-ਤਖ਼ਤ ਦੀ ਸਥਾਪਨਾ ਕਰ ਉਸ ਨੂੰ ਦੁਨਿਆਵੀ ਤਖ਼ਤਾਂ ਨਾਲੋਂ ਨਿਖੇੜ ਕੇ ਸਦੀਵੀ ਹਸਤੀ 'ਅਕਾਲ' ਨਾਲ ਜੋੜ ਦਿੱਤਾ। ਇਸ ਸਥਾਨ ਉੱਪਰ ਜਿੱਥੇ ਸਿੱਖ ਕੌਮੀਅਤ ਅੰਦਰ ਯੋਧਿਆਂ, ਸੂਰਮਿਆਂ ਦੀਆਂ ਵਾਰਾਂ ਗਾ ਕੇ ਦਲੇਰੀ, ਬੀਰਤਾ, ਸਾਹਸ ਦੀ ਭਾਵਨਾ ਭਰੀ ਜਾਂਦੀ ਹੈ ਉੱਥੇ ਤੇਗ਼ ਚਲਾਉਣ ਦੀ ਵੀ ਬਾਖ਼ੂਬੀ ਕਲਾ ਸਿਖਾਈ ਜਾਂਦੀ ਹੈ। ਅਧਿਆਤਮਿਕ ਵਾਰਾਂ ਦੇ ਨਾਲ ਬੀਰ ਰਸੀ ਵਾਰਾਂ ਵਿਚਲੇ ਬਹਾਦਰੀ ਦੇ ਸੋਹਲੇ ਵੀ ਗਾਏ ਜਾਂਦੇ।[11]

ਗੁਰੂ ਸਾਹਿਬ ਜੀ ਨੇ ਤਖ਼ਤ ਦਾ ਨਾਮ 'ਅਕਾਲ ਤਖ਼ਤ' ਰੱਖ ਉਸ ਨੂੰ ਸਮੇਂ, ਵਰੇਸ ਦੇ ਬੰਧਨਾਂ ਤੋਂ ਮੁਕਤ ਕਰ ਦਿੱਤਾ ਭਾਵ ਇਹ ਕਾਲ ਤੋਂ ਰਹਿਤ ਹੈ ਅਤੇ ਉਸ ਅਕਾਲ-ਪੁਰਖ ਦਾ ਤਖ਼ਤ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ 1609 ਈ. ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਬਿਲਕੁਲ ਸਾਹਮਣੇ ਕੀਤੀ। ਸ੍ਰੀ ਹਰਿਮੰਦਰ ਸਾਹਿਬ ਜਿੱਥੇ ਪ੍ਰਭੂ-ਬੰਦਗੀ, ਇਲਾਹੀ ਨਦਰ, ਰੂਹਾਨੀਅਤਤਾ ਦਾ ਮਰਕਜ਼ ਹੈ ਉੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਰਾਜਸੀ ਸੱਤਾ ਦਾ ਕੇਂਦਰੀ ਅਸਥਾਨ ਹੈ। ਗੁਰੂ ਸਾਹਿਬ ਜੀ ਨੇ ਅਕਾਲ ਤਖ਼ਤ ਸਾਹਿਬ 'ਤੇ ਦੋ ਨਿਸ਼ਾਨ ਸਾਹਿਬ ਝੁਲਾਏ ਜਿਨ੍ਹਾਂ ਵਿੱਚੋਂ ਪੀਰੀ ਦੇ ਨਿਸ਼ਾਨ ਸਾਹਿਬ ਨੂੰ ਮੀਰੀ ਦੇ ਨਿਸ਼ਾਨ ਸਾਹਿਬ ਨਾਲੋਂ ਉੱਚਾ ਕਰ ਸ਼ਕਤੀ ਨੂੰ ਭਗਤੀ ਦੇ ਅਧੀਨ ਮੁਕੱਰਰ ਕਰ ਦਿੱਤਾ। ਗੁਰੂ ਸਾਹਿਬ ਜੀ ਦੇ ਇਨ੍ਹਾਂ ਅਸਚਰਜ ਕੌਤਕਾਂ ਨੂੰ ਦੇਖ ਜਿੱਥੇ ਕਾਇਰਤਾ ਦਾ ਨਾਸ ਹੋਣ ਲੱਗਾ ਉੱਥੇ ਬੀਰਤਾ, ਦਲੇਰੀ, ਸਾਹਸ ਪ੍ਰਫੁੱਲਿਤ ਹੋਣ ਲੱਗਾ। ਇਸ ਰਾਜਸੀ ਇਮਾਰਤ ਦੀ ਨੀਂਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਸਥਾਪਿਤ ਕੀਤੀ ਗਈ ਹੈ ਅਤੇ ਬਾਕੀ ਸੇਵਾ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੁਆਰਾ ਨਿਭਾਈ ਗਈ ਹੈ। ਗੁਰਬਿਲਾਸ ਪਾਤਸਾਹੀ ਛੇਂਵੀ ਵਿੱਚ ਜ਼ਿਕਰਯੋਗ ਹੈ ਕਿ:

> ਹਾੜ ਪੰਚ ਪੰਚਮੀ ਜਾਨੁ। ਸ੍ਰੀ ਗੁਰ ਉੱਦਮੁ ਕੀਨੁ ਮਹਾਨ।
> ਗੁਰਦਾਸ ਬੁੱਢੇ ਕੋ ਲੈ ਨਿਜ ਸਾਥ। ਤਖ਼ਤ ਅਰੰਭ ਕਰ ਦੀਨਾ ਨਾਥ।...
> ਕਿਸੀ ਰਾਜ ਨਾ ਹਾਥ ਲਗਾਇਓ। ਬੁੱਢੇ ਔਰ ਗੁਰਦਾਸ ਬਣਾਇਓ।[12]

ਮੁਗ਼ਲ ਬਾਦਸ਼ਾਹ ਜਿੱਥੇ ਤਖ਼ਤ 'ਤੇ ਬੈਠ ਕੇ ਲਾਲਚ ਦੀ ਕਸਵੱਟੀ ਉੱਤੇ ਤਕੜੇ ਨਾਲ ਨਿਆਂ ਅਤੇ ਮਾੜੇ ਨਾਲ ਬੁਰਾ ਸਲੂਕ ਕਰ ਫ਼ੈਸਲੇ ਕਰਦਾ ਸੀ ਉੱਥੇ ਗੁਰੂ ਪਾਤਸ਼ਾਹ ਜੀ ਦੇ ਇਸ ਤਖ਼ਤ ਉੱਤੇ ਸਿਰਫ਼ ਸੱਚ 'ਤੇ ਅਧਾਰਿਤ ਹੀ ਫ਼ੈਸਲੇ ਹੁੰਦੇ ਹਨ ਅਤੇ ਗੁਰੂ ਸਾਹਿਬ ਖ਼ੁਦ ਸੰਤ-ਸਿਪਾਹੀਆਂ ਵਾਲਾ ਲਿਬਾਸ(ਪੱਗੜੀ, ਕਲਗ਼ੀ, ਬਾਣਾ) ਧਾਰਨ ਕਰ ਇਸ ਤਖ਼ਤ ਉੱਪਰ ਬੈਠ ਨਿਆਂਇਕ ਫ਼ੈਸਲੇ

ਕਰਦੇ। ਅਕਾਲ ਤਖ਼ਤ ਸਾਹਿਬ ਦੇ ਹੁਕਮ ਨੂੰ ਪੰਥਕ ਇਕੱਠ ਦੀ ਸਹਿਮਤੀ ਦੇ ਵਿੱਚ ਇਲਾਹੀ ਹੁਕਮ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ। ਗੁਰੂ ਸਾਹਿਬ ਜੀ ਨੇ ਮੁਗ਼ਲ ਹਕੂਮਤ ਦੇ ਜ਼ਬਰ, ਤਸ਼ੱਦਦ ਦਾ ਮੁਕਾਬਲਾ ਕਰਨ ਲਈ ਫੌਜਾਂ ਵੀ ਰੱਖੀਆਂ, ਸ਼ਿਕਾਰ ਵੀ ਖੇਡੇ ਅਤੇ ਯੁੱਧ ਵੀ ਲੜੇ। ਆਪ ਨੇ ਮੁਗ਼ਲ ਸਰਕਾਰ ਦੇ ਅਨਿਆਂ ਭਰੇ ਨਿਯਮਾਂ, ਕਾਨੂੰਨਾਂ, ਬੰਧਨਾਂ ਨੂੰ ਤੋੜਨ ਦੀ ਬਾ-ਕਮਾਲ ਦਲੇਰੀ ਕੀਤੀ ਸੀ। ਮੁਗ਼ਲ ਹਕੂਮਤ ਨੂੰ ਸਿੱਖ ਕੌਮੀਅਤ ਦਾ ਇੰਨਾ ਸਾਹਸੀ, ਬਲਵਾਨ, ਨਿਡਰ ਹੋਣਾ ਮਨਜ਼ੂਰ ਨਹੀਂ ਸੀ। ਉਹ ਸਿੱਖਾਂ ਨੂੰ ਹਰ ਪੱਖ ਤੋਂ ਢਾਹ ਲਾਉਣਾ ਚਾਹੁੰਦੇ ਸਨ ਪਰੰਤੂ ਸਿੱਖਾਂ ਵਿੱਚ ਹੁਣ ਸਵੈ-ਭਰੋਸਾ ਬਲਵਾਨ ਹੋ ਗਿਆ ਅਤੇ ਸੁਯੋਗ ਅਗਵਾਈ ਸਦਕਾ ਉਹ ਹਕੂਮਤ ਨਾਲ ਟਾਕਰਾ ਕਰਨ ਲਈ ਤਿਆਰ ਸਨ।

ਸਮਕਾਲੀ ਹਕੂਮਤਾਂ ਨੇ ਇਹ ਧਾਰਨਾ ਬਣਾ ਲਈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਬਾਲ 'ਗੁਰੂ' ਹਰਿਗੋਬਿੰਦ ਅਤੇ ਸਿੱਖ ਅਵਾਮ ਵਿੱਚ ਡਰ ਦਾ ਮਾਹੌਲ ਬਣ ਜਾਣ ਕਾਰਨ ਸਿੱਖ ਧਰਮ ਦਾ ਖ਼ਾਤਮਾ ਹੋ ਜਾਵੇਗਾ ਪਰ ਉਨ੍ਹਾਂ ਦੀ ਅਜਿਹੀ ਸੋਚ ਉਸ ਸਮੇਂ ਪਲਟਾ ਖਾ ਗਈ ਜਦੋਂ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਚੁੱਪ ਧਾਰਨ ਕਰਨ ਦੀ ਜਗ੍ਹਾ ਹਕੂਮਤ ਨੂੰ ਜੁਆਬ ਦੇਣ ਦੀ ਜ਼ੁਰਅਤ ਰੱਖੀ ਅਤੇ ਲੋਕਾਈ ਨੂੰ ਰਸਾਤਲ ਵਿੱਚੋਂ ਕੱਢ ਕੇ ਚੜ੍ਹਦੀ ਕਲਾ ਦਾ ਸੁਨੇਹਾ ਬਖ਼ਸ਼ਦਿਆਂ ਮੁਰਦਾ ਰੂਹਾਂ ਵਿੱਚ ਜਾਨ ਪਾਈ। ਜੇਕਰ ਉਸ ਸਮੇਂ ਹਕੂਮਤ ਤਲਵਾਰ ਦੀ ਅਜ਼ਮਾਇਸ਼ 'ਤੇ ਲੋਕਾਈ ਉੱਪਰ ਤਸ਼ੱਦਦ ਕਰ ਰਹੀ ਸੀ ਤਾਂ ਆਪ ਨੇ ਦੋ ਤਲਵਾਰਾਂ ਧਾਰਨ ਕੀਤੀਆਂ। ਆਪ ਦੀ ਇਹ ਤੇਗ਼(ਮੀਰੀ ਦੀ ਤਲਵਾਰ) ਕਰੁਣਾ, ਕ੍ਰੋਧ, ਨਫ਼ਰਤ ਜਾਂ ਬਦਲੇ ਦੀ ਭਾਵਨਾ ਵਿੱਚ ਨਹੀਂ ਚੱਲੀ ਬਲਕਿ ਇਹ ਧਰਮ, ਲੋਕਾਈ, ਮਜ਼ਲੂਮਾਂ ਦੀ ਰੱਖਿਆ ਕਰਦਿਆਂ, ਢਾਲ ਬਣ ਖੜ੍ਹੀ ਹੋਈ।

ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਲੋਕਾਈ ਦੀ ਰੱਖਿਆ ਲਈ ਆਜ਼ਾਦਾਨੇ ਫ਼ੈਸਲੇ ਲੈਂਦੇ ਹੋਏ ਸਮਕਾਲੀ ਹਕੂਮਤ ਨਾਲ ਚਾਰ ਯੁੱਧ ਵੀ ਲੜੇ। ਇਨ੍ਹਾਂ ਜੰਗਾਂ-ਯੁੱਧਾਂ ਦਾ ਕਾਰਨ ਕੋਈ ਸੰਸਾਰਿਕ ਖ਼ਵਾਹਿਸ਼ਾਂ(ਜ਼ਰ, ਜੋਰੂ, ਜ਼ਮੀਨ) ਨਹੀਂ ਬਲਕਿ ਇਹ ਯੁੱਧ ਕੌਮੀ ਅਣਖ ਦੇ ਕਰਕੇ ਲੜੇ ਗਏ ਸਨ। ਇਨ੍ਹਾਂ ਚਾਰੇ ਯੁੱਧਾਂ ਵਿੱਚ ਆਪ ਨੇ ਬਾਕਮਾਲ ਜਿੱਤਾਂ ਪ੍ਰਾਪਤ ਕੀਤੀਆਂ। ਆਪ ਦੀਆਂ ਯੁੱਧ ਨੀਤੀਆਂ ਇਸ ਪ੍ਰਕਾਰ ਸਨ; ਕਿ ਭੱਜੇ ਜਾਂਦੇ ਵਿਰੋਧੀ ਧਿਰ ਦੇ ਸੈਨਿਕ ਦੀ ਪਿੱਠ 'ਤੇ ਵਾਰ ਨਹੀਂ ਕਰਨਾ, ਆਪ ਵਾਰ ਕਰਨ ਤੋਂ ਪਹਿਲਾਂ ਆਪ ਵਿਰੋਧੀ ਧਿਰ ਨੂੰ ਘੱਟੋ-ਘੱਟ ਦੋ ਵਾਰ ਮੌਕਾ ਦਿੰਦੇ, ਵਾਰ ਕਰਨ ਤੋਂ ਪਹਿਲਾਂ ਵਿਰੋਧੀ ਨੂੰ ਲਲਕਾਰ ਕੇ ਉਸ ਦਾ ਧਿਆਨ ਸੁਚੇਤ ਕਰਦੇ ਅਤੇ ਜੇਕਰ ਦੁਸ਼ਮਣ ਦਾ ਘੋੜਾ ਮਰ ਜਾਂਦਾ ਤਾਂ ਗੁਰੂ ਜੀ ਆਪ ਵੀ ਆਪਣੇ ਘੋੜੇ ਤੋਂ ਥੱਲੇ ਉੱਤਰ ਆਉਂਦੇ। ਆਪ ਜੀ ਦੀ ਸ਼ਖ਼ਸੀਅਤ ਵਿੱਚ ਬਿਰਾਜਿਤ ਅਜਿਹੇ ਗੁਣ ਹੀ ਆਪ ਦੇ ਵੱਡ ਯੋਧਾ ਹੋਣ ਦਾ ਬਾਖ਼ੂਬੀ ਵਿਆਖਿਆਨ ਕਰਦੇ ਹਨ।

ਗੁਰੂ ਪਾਤਸ਼ਾਹ ਜੀ ਦੇ ਇਸ ਸੰਤ-ਸਿਪਾਹੀ ਦੀ ਧਾਰਨਾ ਤੋਂ ਲੋਕ-ਮਾਨਸਿਕਤਾ ਅੰਦਰ ਇਹ ਭਰਮ ਜਾਲ ਖੜ੍ਹੇ ਹੋ ਰਹੇ ਸਨ ਕਿ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਗੁਰੂ ਨਾਨਕ ਪਾਤਸ਼ਾਹ ਜੀ ਦੁਆਰਾ ਸਥਾਪਿਤ ਕੀਤੇ ਸੰਕਲਪਾਂ, ਸਿਧਾਂਤਾਂ, ਪੂਰਨਿਆਂ ਦੇ ਨਕਸ਼ੇ ਕਦਮਾਂ ਨੂੰ ਬਦਲ ਦਿੱਤਾ ਹੈ ਪਰੰਤੂ ਅਜਿਹਾ ਬਿਲਕੁਲ ਨਹੀਂ ਹੈ। ਸੰਕਲਪ, ਸਿਧਾਂਤ ਉਹੀ ਹਨ ਅਤੇ ਇਨ੍ਹਾਂ ਸਿਧਾਂਤਾਂ ਦੀ ਪੂਰਤੀ ਦੇ ਲਈ ਚਾਲ ਤਿੱਖੀ ਹੋ ਗਈ ਹੈ ਅਤੇ ਹਕੂਮਤ ਦੇ ਵਿਰੁੱਧ ਆਪਣੇ ਵਿਚਾਰ ਬਿਨ੍ਹਾਂ ਕਿਸੇ ਡਰ, ਭੈਅ ਤੋਂ ਪ੍ਰਗਟ ਕੀਤੇ ਹਨ ਅਤੇ ਇਹ ਭੈਅ ਰਹਿਤ ਰਹਿਣ ਦੀ ਭਾਵਨਾ ਦਾ ਸੁਨੇਹਾ ਗੁਰੂ ਨਾਨਕ ਪਾਤਸ਼ਾਹ ਜੀ ਨੇ ਸਿੱਖ ਆਵਾਮ ਨੂੰ ਬਖ਼ਸ਼ਿਆ ਹੈ। ਸਿੱਖ ਧਰਮ ਦੀ ਇਹ ਵਿਲੱਖਣਤਾ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਜਿਸਨੇ ਮੀਰੀ-ਪੀਰੀ ਦੇ ਸੰਕਲਪ ਨੂੰ ਹਲਤਮੁਖੀ ਅਤੇ ਪਲਤਮੁਖੀ ਢੰਗ ਨਾਲ ਪ੍ਰਫੁੱਲਿਤ ਕਰਨ ਦਾ ਲਕਸ਼ ਬਣਾ ਸੰਸਥਾ ਦੇ ਰੂਪ ਵਿੱਚ ਇਸ ਦੀ ਲੋੜੀਂਦੀ ਵਿਵਸਥਾ ਕੀਤੀ ਹੈ। ਗੁਰੂ ਸਾਹਿਬ ਜੀ ਨੇ ਗੁਰਤਾਗੱਦੀ ਉੱਪਰ ਬਿਰਾਜਮਾਨ ਹੋਣ ਤੋਂ ਬਾਅਦ ਅੰਮ੍ਰਿਤਸਰ ਵਿਖੇ ਲੋਹਗੜ੍ਹ(ਲੋਹੇ ਵਾਂਗ ਮਜ਼ਬੂਤ) ਨਾਮ ਦੇ ਕਿਲ੍ਹੇ ਦੀ ਉਸਾਰੀ ਕੀਤੀ। ਇਹ ਕਿਲ੍ਹਾ ਸਿੱਖ ਕੌਮੀਅਤ ਦਾ ਅਜਿਹਾ ਪਹਿਲਾ ਰਾਜਸੀ ਕਿਲ੍ਹਾ ਹੈ ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਦੇਖ-ਰੇਖ ਵਿੱਚ ਬਣਾਇਆ ਹੈ।

ਮੀਰੀ-ਪੀਰੀ ਦੇ ਸਿਧਾਂਤ ਦੀ ਸ਼ੁਰੂਆਤ ਤਾਂ ਗੁਰੂ ਨਾਨਕ ਪਾਤਸ਼ਾਹ ਜੀ ਵੇਲੇ ਹੀ ਹੋ ਗਈ ਸੀ ਜਦੋਂ ਉਨ੍ਹਾਂ ਨੇ ਸਦੀਆਂ ਤੋਂ ਗੁਲਾਮੀਅਤ ਦੀ ਜ਼ਿੱਲਤ ਨੂੰ ਸਹਿ ਰਹੇ ਲੋਕਾਂ ਦੀ ਕਾਇਆ-ਕਲਪ ਪਲਟ ਕੇ, ਆਤਮਿਕ ਤੌਰ 'ਤੇ ਮੁਕਤ ਕਰ ਸਵੈ-ਮਾਨ ਨਾਲ ਜ਼ਿੰਦਗੀ ਜੀਊਣ ਦਾ ਸੁਨੇਹਾ ਬਖ਼ਸ਼ਿਆ। ਗੁਰੂ ਨਾਨਕ ਸਾਹਿਬ ਜੀ ਨੇ ਲੋਕ ਮਾਨਸਿਕਤਾ ਨੂੰ ਜ਼ੁਰਅਤ, ਸਾਹਸ, ਸੂਰਬੀਰਤਾ ਤੇ ਕੁਰਬਾਨੀ ਜਿਹੇ ਅਵੱਸ਼ਕ ਗੁਣਾਂ ਦੇ ਲਖ਼ਾਇਕ ਬਣਾਇਆ। ਸਿੱਖ ਇਤਿਹਾਸ ਵਿੱਚ ਇਹ ਇੱਕ ਅਜਿਹੇ ਨਵੇਂ ਮਾਹੌਲ ਦੀ ਸ਼ੁਰੂਆਤ ਸੀ ਜਦੋਂ ਗੁਰੂ ਸਾਹਿਬ ਜੀ ਨੇ ਲੋਕਾਈ ਦੀ ਭਲਾਈ ਹਿੱਤ ਧਾਰਮਿਕ ਅਗਵਾਈ ਦੇ ਨਾਲ ਨਾਲ ਸਿਆਸੀ(ਰਾਜਨੀਤਿਕ) ਰਹਿਨੁਮਾਈ ਵਜੋਂ ਕਾਰਜ ਆਰੰਭ ਕੀਤਾ। ਇਹੋ ਗੁਣ ਹੀ ਮੀਰੀ ਦੇ ਪ੍ਰਤੀਕ ਬਣ ਸਾਹਮਣੇ ਆਏ। ਪਰੰਤੂ ਇਨ੍ਹਾਂ ਗੁਣਾਂ ਦੀ ਸੰਸਥਾ-ਬੱਧ ਰੂਪ ਵਿੱਚ ਤਰਜ਼ਮਾਨੀ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਕੀਤੀ ਅਤੇ ਇਨ੍ਹਾਂ ਸਿਧਾਂਤਾਂ, ਵਿਚਾਰਧਾਰਾਵਾਂ, ਉਦੇਸ਼ਾਂ ਅਤੇ ਪੂਰਨਿਆਂ ਦੀ ਨਿਰੰਤਰਤਾ ਦਾ ਵਾਰਿਸ 'ਖਾਲਸਾ' ਜੀ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਦੁਆਰਾ ਸਥਾਪਿਤ ਕੀਤੀ ਹੋਈ ਇਸ ਲਹਿਰ ਦੀ ਰੱਖਿਆ ਦੀ ਸ਼ੁਰੂਆਤ ਜਿੱਥੇ ਕਲਮ ਨਾਲ ਕੀਤੀ ਗਈ ਉੱਥੇ ਪ੍ਰਸਥਿਤੀਆਂ ਦੇ ਅਨੁਸਾਰੀ ਹੋ ਤੇਗ਼ ਨੂੰ ਵੀ ਵਿਵਹਾਰਿਕ ਰੂਪ ਦਿੱਤਾ ਗਿਆ। ਸਿੱਖ ਆਵਾਮ ਪਹਿਲਾਂ ਇਨ੍ਹਾਂ ਸਿਧਾਂਤਾਂ, ਸੰਕਲਪਾਂ ਤੋਂ ਵਾਕਫ਼ ਨਹੀਂ ਸੀ ਭਾਵ ਇਹ ਸਿਧਾਂਤ ਅਚੇਤ ਪੱਧਰ 'ਤੇ ਸਨ ਪਰੰਤੂ ਮੀਰੀ-ਪੀਰੀ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨਾਲ ਸਿੱਖ ਆਵਾਮ ਵਿੱਚ ਰਾਜਨੀਤਿਕ ਚੇਤੰਨਾ ਦਾ ਵਿਕਾਸ ਹੋਇਆ ਭਾਵ ਇਹ ਸਿੱਖ ਜਥੇਬੰਦੀ ਦੇ ਕੇਂਦਰ ਬਣੇ। ਮੀਰੀ-ਪੀਰੀ ਦੀ ਮਿਹਨਤ, ਘਾਲ-ਕਮਾਈ ਦੇ ਸਦਕਾ ਧਰਮ, ਬੀਰਤਾ, ਸੂਰਬੀਰਾਂ ਦੀ 'ਖ਼ਾਲਸੇ' ਦੇ ਰੂਪ ਵਿੱਚ ਸੰਪੂਰਨ ਤਸਵੀਰ ਤਿਆਰ ਹੋ ਗਈ ਅਤੇ ਇਹ ਤਸਵੀਰ ਦਸ਼ਮੇਸ਼ ਪਿਤਾ ਜੀ ਦੇ ਸਮੇਂ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸਮੇਂ ਤੱਕ ਬੜ੍ਹੇ ਤੇਜੱਸਵੀ, ਜੋਸ਼ੀਲੇ, ਸਾਹਸੀ ਅਤੇ ਵਿਲੱਖਣਤਾ ਭਰੇ ਸਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ।

**ਹਵਾਲੇ:**

[1] ਵਾਰਾਂ ਭਾਈ ਗੁਰਦਾਸ, ਪੰਨਾ-228.

[2] ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਵਾਰਾਂ ਤੇ ਵਧੀਕ, ਪੰਨਾ-1412.

[3] ਉਹੀ,ਪੰਨਾ-918.

[4] ਉਹੀ, ਪੰਨਾ-301.

[5] ਸਤਿਬੀਰ ਸਿੰਘ, **ਗੁਰੂ ਹਰਿਗੋਬਿੰਦ,** ਪੰਜਾਬੀ ਯੂਨੀਵਰਸਿਟੀ ਪਟਿਆਲਾ, 1970, ਪੰਨਾ-4.

[6] ਉਹੀ, ਪੰਨਾ-4,5.

[7] ਪ੍ਰੋ. ਸਾਹਿਬ ਸਿੰਘ, **ਗੁਰ-ਇਤਿਹਾਸ ਪਾਤਸਾਹੀ ੨ ਤੋਂ ੯,** ਸਿੰਘ ਬ੍ਰਦਰਜ਼ ਅੰਮ੍ਰਿਤਸਰ, ਸਤੰਬਰ 1996, ਪੰਨਾ-205.

[8] ਉਹੀ, ਪੰਨਾ-208.

[9] ਵਾਰਾਂ, ਭਾਈ ਗੁਰਦਾਸ, ਪੰਨਾ-270.

[10] ਸਤਿਬੀਰ ਸਿੰਘ, **ਗੁਰੂ ਹਰਿਗੋਬਿੰਦ,** ਪੰਜਾਬੀ ਯੂਨੀਵਰਸਿਟੀ ਪਟਿਆਲਾ, 1970, ਪੰਨਾ-19.

[11] ਉਹੀ, ਪੰਨਾ-31.

[12] ਸੰਪਾ. ਗਿ. ਜੋਗਿੰਦਰ ਸਿੰਘ ਜੀ ਵੇਦਾਂਤੀ, ਡਾ. ਅਮਰਜੀਤ ਸਿੰਘ, **ਗੁਰ ਬਿਲਾਸ ਪਾਤਸ਼ਾਹੀ ੬,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਜੂਨ 1998, ਪੰਨਾ-210.